10

# ਮਸੀਹ ਦਾ ਇੱਜੜ

*ਅਤੇ ਮੇਰੀਆਂ ਹੋਰ ਵੀ ਭੇਡਾਂ ਹਨ ਜਿਹੜੀਆਂ ਇਸ ਵਾੜੇ ਵਿਚ ਨਹੀਂ। ਮੈਨੂੰ ਚਾਹੀਦਾ ਹੈ ਜੋ ਉਨ੍ਹਾਂ ਨੂੰ ਵੀ ਲਿਆਵਾਂ ਅਰ ਉਹ ਮੇਰੀ ਅਵਾਜ਼ ਸੁਣਨਗੀਆਂ ਅਤੇ ਇੱਕੋ ਇੱਜੜ ਅਤੇ ਇੱਕੋ ਅੱਯਾਲੀ ਹੋਵੇਗਾ (ਯੂਹੰਨਾ 10:16)।*

*ਤੁਸੀਂ ਆਪਣੀ, ਨਾਲੇ ਉਸ ਸਾਰੇ ਇੱਜੜ ਦੀ ਖਬਰਦਾਰੀ ਕਰੋ ਜਿਹਦੇ ਉੱਤੇ ਪਵਿੱਤਰ ਆਤਮਾ ਨੇ ਤੁਹਾਨੂੰ ਨਿਗਾਹਬਾਨ ਠਹਿਰਾਇਆ ਹੈ (ਰਸੂਲਾਂ ਦੇ ਕੰਮ 20:28)।*

ਜ਼ਿੰਮੇਵਾਰੀਆਂ ਵਧਣ ਨਾਲ ਮੈਂ ਬੱਚਿਆਂ ਦੀ ਇਕ ਪਰੇਸ਼ਾਨ ਘੜੀ ਦੀ ਕਹਾਣੀ ਤੇ ਵਿਚਾਰ ਕਰਨ ਲਗਦਾ ਹਾਂ। ਇਕ ਬੁੱਢੀ ਘੜੀ ਨੇ ਹਿਸਾਬ ਲਗਾਇਆ ਕਿ ਹਰ ਇਕ ਸਾਲ ਉਹ ਕਿੰਨੀ ਵਾਰੀ ਟਿਕ-ਟਿਕ ਕਰਦੀ ਹੈ। ਉਸ ਹਿਸਾਬ ਨੇ ਉਸਨੂੰ ਚੱਕਰ ਵਿਚ ਪਾ ਦਿੱਤਾ। ਇਹ ਸੋਚ ਕਿ ਉਹ ਐਨੀ ਵਾਰੀ ਟਿਕ-ਟਿਕ ਕਰਦੀ ਹੈ, ਉਸ ਘੜੀ ਨੇ ਨਿਰਾਸ਼ ਹੋ ਕੇ ਚੱਲਣਾ ਬੰਦ ਕਰ ਦਿੱਤਾ ਸੀ। ਉਸ ਨੇ ਨਿਚੋੜ ਕੱਢਿਆ ਕਿ ਉਹ ਐਨੀ ਵਾਰ ਟਿਕ-ਟਿਕ ਕਰ ਹੀ ਨਹੀਂ ਸਕਦੀ। ਨਾਲ ਦੀ ਇਕ ਘੜੀ ਨੇ ਉਹਦੀ ਇਸ ਨਿਰਾਸ਼ਾ ਨੂੰ ਸਮਝ ਕੇ ਉਸ ਦੇ ਨਾਲ ਗੱਲ ਕੀਤੀ। ਉਸ ਨੇ ਉਸਨੂੰ ਸਮਝਾਇਆ ਕਿ ਉਸਨੂੰ ਇਕ ਦਿਨ ਵਿਚ ਸਿਰਫ਼ ਇਕ ਵਾਰ, ਇਕ ਘੰਟੇ ਵਿਚ ਇਕ ਵਾਰ, ਇਕ ਮਿੰਟ ਵਿਚ ਇੱਕੋ ਵਾਰ, ਇਕ ਵਾਰ ਵਿਚ ਇੱਕੋ ਵਾਰ ਟਿਕ ਕਰਨੀ ਪੈਂਦੀ ਹੈ। ਉਸ ਦੇ ਉਪਦੇਸ਼ ਨਾਲ ਉਸ ਬੁੱਢੀ ਘੜੀ ਦੀ ਨਿਰਾਸ਼ਾ ਖ਼ਤਮ ਹੋ ਗਈ। ਇਸ ਸਚਿਆਈ ਤੇ ਵਿਚਾਰ ਕਰਦੇ ਹੋਏ ਕਿ ਉਸ ਨੂੰ ਤਾਂ ਇਕ ਸਮੇਂ ਵਿਚ ਇੱਕੋ ਵਾਰ ਚੱਲਣਾ ਹੈ, ਉਸ ਦੀ ਜਾਨ ਵਿਚ ਜਾਨ ਆਈ। ਉਸ ਨੂੰ ਇਕ ਨਵੀਂ ਤਾਜ਼ਗੀ ਮਿਲ ਗਈ ਅਤੇ ਉਸ ਨੇ ਫਿਰ ਤੋਂ ਚੱਲਣਾ ਸ਼ੁਰੂ ਕਰ ਦਿੱਤਾ।

ਸਾਡੇ ਪ੍ਰਭੂ ਨੇ ਸਮਝਾਇਆ ਹੈ, ''ਸੋ ਤੁਸੀਂ ਭਲਕ ਲਈ ਚਿੰਤਾ ਨਾ ਕਰੋ ਕਿਉਂ ਜੋ ਭਲਕ ਆਪਣੇ ਲਈ ਆਪੇ ਚਿੰਤਾ ਕਰੇਗਾ। ਅੱਜ ਲਈ ਅੱਜ ਹੀ ਦਾ ਦੁੱਖ ਬਥੇਰਾ ਹੈ'' (ਮੱਤੀ 6:34)। ਨਿਰਾਸ਼ਾ ਦਾ ਇਕ ਇਲਾਜ ਯਾਦ ਰੱਖਣਾ ਹੈ ਕਿ ਜ਼ਿੰਦਗੀ ਇਕ ਦਿਨ ਵਿਚ ਇੱਕੋ ਵਾਰ ਜੀਵੀ ਜਾਂਦੀ ਹੈ।

ਕੀ ਤੁਸੀਂ ਡਰੇ ਹੋਏ ਹੋ? ਕੀ ਤੁਸੀਂ ਸ਼ੈਤਾਨ ਦੀ ਇਸ ਡਰਾਉਣੀ ਸ਼ਕਤੀ ਦੀ ਚਿੰਤਾ ਵਿਚ ਹੋ ਕਿ ਉਹ ਖ਼ੁਦਾ ਦੇ ਲੋਕਾਂ ਤੇ ਜਿੱਤ ਪਾ ਲਏਗਾ? ਕੀ ਤੁਸੀਂ ਪ੍ਰਭੂ ਵੱਲ ਆਪਣੇ ਫ਼ਰਜ਼ ਪੂਰੇ ਕਰਨ ਲਈ ਪਰੇਸ਼ਾਨ ਹੋ?

ਯਿਸੂ ਨੇ ਇਨ੍ਹਾਂ ਅਤੇ ਹੋਰ ਕਈ ਡਰਾਂ ਦੀ ਗੱਲ ਯੂਹੰਨਾ 10 ਵਿਚ ਕੀਤੀ। ਉਹਨੇ ਆਪਣੇ ਪੈਰੋਕਾਰਾਂ ਨੂੰ ਆਪਣਾ ਇੱਜੜ ਆਖਿਆ ਅਤੇ ਉਨਾਂ ਨਾਲ ਆਪਣੇ ਸਬੰਧ ਨੂੰ ਭੇਡ ਦੇ ਆਜੜੀ ਨਾਲ ਸਬੰਧ ਨਾਲ ਮਿਲਾਇਆ। ਜਦ ਤੁਸੀਂ ਡਰੇ ਅਤੇ ਸਹਿਮੇ ਹੋਏ ਹੋਵੋ, ਤਾਂ ਇਸ ਉਦਾਰਣ ਨੂੰ ਚੇਤੇ ਕਰੋ। ਤਸਹਾਨੂੰ ਇਸ ਅਹਿਸਾਸ ਨਾਲ ਦਲੇਰੀ ਮਿਲੇਗੀ ਕਿ ''ਜਿਹੜਾ ਤੁਹਾਡੇ ਵਿਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿਚ ਹੈ''(1 ਯੂਹੰਨਾ 4:4)। ਇਹ ਤੁਹਾਨੂੰ ਉਸ ਮਹਾਨ ਪ੍ਰੇਮ ਅਤੇ ਸੰਭਾਲ ਦਾ ਵੀ ਚੇਤਾ ਕਰਾਵੇਗਾ ਜੋ ਯਿਸੂ ਦੇ ਪੈਰੋਕਾਰਾਂ ਨੂੰ ਮਿਲਦਾ ਹੈ।

ਆਪਣਿਆਂ ਚੇਲਿਆਂ ਨਾਲ ਜਿਨ੍ਹਾਂ ਨੂੰ ਉਸਨੇ ਆਪਣੀ ਕਲੀਸੀਆ ਕਹਿਣਾ ਸੀ, ਭਵਿੱਖ ਵਿਚ

ਆਪਣੇ ਸਬੰਧ ਸਾਰੇ ਪਹਿਲਾਂ ਦੱਸਦਿਆਂ ਹੋਇਆਂ ਉਸ ਵੇਲੇ ਆਪਣੇ ਸ਼ਗਿਰਦਾਂ ਨਾਲ ਆਪਣੇ ਸਬੰਧ ਦੀ ਗੱਲ ਕਰਨ ਲਈ ਯਿਸੂ ਨੇ ਇਸ ਉਦਾਹਰਣ[1] ਦੀ ਵਰਤੋਂ ਕੀਤੀ। ਯਿਸੂ ਨੇ ਆਪਣੇ (ਮੱਤੀ 16:18) ਇਸ ਰੂਪ ਵਿਚ ਆਪਣੀਆਂ ਭੇਡਾਂ ਲਈ ਆਪਣੀ ਜਾਨ ਦੇਣ ਵਾਲੇ ਚੰਗੇ ਆਜੜੀ ਦਾ ਚਿੱਤਰ ਵਿਖਾਇਆ (ਯੂਹੰਨਾ 10:15, 17, 18)। ਇਹ ਪ੍ਰਤੱਖ ਤੌਰ ਤੇ ਯਿਸੂ ਦੀ ਸਲੀਬੀ ਮੌਤ ਦਾ ਸੰਕੇਤ ਦਿੰਦਾ ਹੈ, ਜਿਸਦੇ ਰਾਹੀਂ ਉਸਨੇ ਕਲੀਸੀਆ ਨੂੰ ਖ਼ਰੀਦਿਆ (ਰਸੂਲਾਂ ਦੇ ਕੰਮ 20:28; ਅਫ਼ਸੀਆਂ 5:25)। ਉਸਨੇ ਦੂਸਰੀਆਂ ਭੇਡਾਂ ਦੀ ਗੱਲ ਕੀਤੀ ਜੋ ਉਹਦੇ ਕੋਲ ਆਉਣੀਆਂ ਸਨ: ''ਅਤੇ ਮੇਰੀਆਂ ਹੋਰ ਵੀ ਭੇਡਾਂ ਹਨ ਜਿਹੜੀਆਂ ਇਸ ਵਾੜੇ ਵਿਚ ਨਹੀਂ। ਮੈਨੂੰ ਚਾਹੀਦਾ ਹੈ ਜੋ ਉਨ੍ਹਾਂ ਨੂੰ ਵੀ ਲਿਆਵਾਂ ਅਰ ਓਹ ਮੇਰੀ ਅਵਾਜ਼ ਸੁਣਨਗੀਆਂ ਅਤੇ ਇੱਕੋ ਇੱਜੜ ਅਤੇ ਇੱਕੋ ਅੱਯਾਲੀ ਹੋਵੇਗਾ'' (ਯੂਹੰਨਾ 10:16)। ਇਹ ਆਇਤਾਂ ਦੱਸਦੀਆਂ ਹਨ ਕਿ ਅੱਜ ਕਲੀਸੀਆ ਨੂੰ ਮਸੀਹ ਦੇ ਇੱਜੜ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ।

ਇੱਜੜ ਦੇ ਰੂਪ ਵਿਚ ਕਲੀਸੀਆ ਤੇ ਵਿਚਾਰ ਕਰਨ ਤੇ ਹੀ ਅਸੀਂ ਸਮਝ ਸਕਾਂਗੇ ਕਿ ਮਸੀਹ ਆਪਣੀ ਕਲੀਸੀਆ ਲਈ ਕੀ ਕਰਦਾ ਹੈ। ਇਸ ਲਈ ਆਓ ਪੁੱਛੀਏ ਕਿ, ''ਮਸੀਹ ਦਾ ਆਪਣੇ ਇੱਜੜ ਭਾਵ ਕਲੀਸੀਆ ਨਾਲ ਕੀ ਸੰਬਧ ਹੈ? ਆਜੜੀ ਦੇ ਰੂਪ ਵਿਚ ਮਸੀਹ ਕਲੀਸੀਆ ਦੇ ਵਾਸਤੇ ਕੀ ਕਰਦਾ ਹੈ?''

## ਮਸੀਹ ਕਲੀਸੀਆ ਦਾ ਪ੍ਰਭੂ ਹੈ

ਇਸ ਇਕਰੂਪਤਾ ਵਿਚ ਪਹਿਲੀ ਜੋ ਸਪੱਸ਼ਟ ਸਚਿਆਈ ਹੈ ਉਹ ਇਹ ਹੈ ਕਿ ਮਸੀਹ ਕਲੀਸੀਆ ਦਾ ਪ੍ਰਭੂ ਹੈ। ਜਿਸ ਆਜੜੀ ਦੇ ਰੂਪ ਵਿਚ ਮਸੀਹ ਆਪਣੇ ਆਪ ਨੂੰ ਵਿਖਾਉਂਦਾ ਹੈ ਉਹ ਭੇਡਾਂ ਦਾ ਮਾਲਕ ਹੈ, ਅਤੇ ਇੱਜੜ ਤੇ ਉਸਨੂੰ ਪੂਰਾ ਹੱਕ ਹੈ।

ਭੇਡ ਦੇ ਚਰਵਾਹੇ ਦੀ ਨਿੱਜੀ ਜਾਇਦਾਦ ਬਣਨ ਵਾਂਗ, ਇੱਜੜ ਵਿਚ ਆਉਣ ਵਾਲਾ ਹਰ ਸ਼ਖ਼ਸ ਮਸੀਹ ਦੀ ਜਾਇਦਾਦ ਬਣ ਜਾਂਦਾ ਹੈ। ਮਲਕੀਅਤ ਦੀ ਇਹ ਧਾਰਣਾ ਦੋ ਦਿਸ਼ਾਵਾਂ ਵਿਚ ਚਲੀ ਜਾਂਦੀ ਹੈ:ਪਹਿਲਾ, ਇਹ ਸੰਕੇਤ ਹੈ ਕਿ ਭੇਡਾਂ ਆਜੜੀ ਲਈ ਜੀਉਂਦੀਆਂ ਹਨ। ਅਸੀਂ ਮਸੀਹ ਦੇ ਹਾਂ ਇਸ ਕਰਕੇ ਮਸੀਹ ਦੇ ਦਾਸ ਹਾਂ (ਫ਼ਿਲਿੱਪੀਆਂ 1:1)। ਦੂਸਰਾ, ਇਹ ਸੰਕੇਤ ਹੈ ਕਿ ਆਜੜੀ ਭੇਡਾਂ ਲਈ ਜੀਉਂਦਾ ਹੈ। ਭੇਡਾਂ ਦਾ ਮਾਲਿਕ ਹੋਣ ਕਰਕੇ, ਆਜੜੀ ਭੇਡਾਂ ਨੂੰ ਪਿਆਰ ਕਰਦਾ ਹੈ, ਉਨ੍ਹਾਂ ਦੀ ਜ਼ਿੰਮੇਵਾਰੀ ਉਸ ਤੇ ਹੈ ਅਤੇ ਉਨ੍ਹਾਂ ਦੇ ਸਾਂਭ ਸੰਭਾਲ ਦਾ ਜ਼ਿੰਮਾ ਉਸ ਤੇ ਹੈ। ਮਲਕੀਅਤ ਦੇ ਨਾਲ ਹੀ ਇਕ ਬਹੁਤ ਵੱਡੀ ਜ਼ਿੰਮੇਵਾਰੀ ਵੀ ਵਧ ਜਾਂਦੀ ਹੈ ਅਤੇ ਚੰਗਾ ਆਜੜੀ ਇਸ ਜ਼ਿੰਮੇਵਾਰੀ ਨੂੰ ਨਿਭਾਉਂਦਾ ਹੈ।

ਕਹਿੰਦੇ ਹਨ ਕਿ ''ਬੱਚਿਆਂ ਦੀ ਸੰਭਾਲ ਮਾਂ-ਪਿਓ ਦੇ ਵਾਂਗ ਕੋਈ ਨਹੀਂ ਕਰ ਸਕਦਾ, ਉਨ੍ਹਾਂ ਦੀ ਜ਼ਿੰਮੇਵਾਰੀ ਉਸ ਤੇ ਹੈ।'' ਉਹ ਆਪਣੇ ਬੱਚਿਆਂ ਤੇ ਖ਼ੁਸ਼ ਹੁੰਦੇ ਹਨ ਅਤੇ ਉਨ੍ਹਾਂ ਲਈ ਲੋੜੀਂਦੀਆਂ ਵਸਤਾਂ ਮੁਹੱਈਆ ਕਰਵਾਉਂਦੇ ਹਨ ਅਤੇ ਉਨ੍ਹਾਂ ਦੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦੇ ਹਨ।

ਸਾਨੂੰ ਤਸੱਲੀ ਮਿਲ ਸਕਦੀ ਹੈ ਕਿ ਖ਼ੁਦਾ ਦਾ ਸਰਬ ਸ਼ਕਤੀਮਾਨ ਪੁੱਤਰ, ਮਸੀਹ ਆਪਣੇ ਲੋਕਾਂ ਦੀ ਸੰਭਾਲ ਪੂਰੀ ਤਰ੍ਹਾਂ ਤੇ ਕੋਮਲਤਾ ਨਾਲ ਕਰੇਗਾ। ਧੰਨਵਾਦ ਦੇ ਇਕ ਜ਼ਬੂਰ, ਵਿਚ ਦਾਊਦ ਨੇ ਆਪਣੀਆਂ ਜਿਸਮਾਨੀ ਲੋੜਾਂ ਪੂਰੀਆਂ ਕਰਦੇ ਰਹਿਣ ਲਈ ਖ਼ੁਦਾ ਦਾ ਧੰਨਵਾਦ ਕੀਤਾ, ''ਮੈਂ ਜੁਆਨ ਸਾਂ ਅਰ ਹੁਣ ਬੁੱਢਾ ਹੋ ਗਿਆ ਹਾਂ, ਪਰ ਮੈਂ ਨਾ ਧਰਮੀ ਨੂੰ ਤਿਆਗਿਆ ਹੋਇਆ, ਨਾ ਉਸ ਦੀ ਅੰਸ ਨੂੰ ਟੁਕੜੇ ਮੰਗਦਿਆਂ ਡਿੱਠਾ ਹੈ'' (ਜ਼ਬੂਰ 37:25)। ਪਹਾੜੀ ਉਪਦੇਸ਼ ਵਿਚ ਯਿਸੂ ਨੇ ਆਪਣਿਆਂ ਚੇਲਿਆਂ ਨੂੰ ਸਮਝਾਇਆ ਕਿ ''ਤੁਸੀਂ ਚਿੰਤਾ ਕਰ ਕੇ ਇਹ ਨਾ ਕਹੋ ਭਈ ਕੀ ਖਾਵਾਂਗੇ? ਯਾ ਕੀ ਪੀਵਾਂਗੇ? ਯਾ ਕੀ ਪਹਿਨਾਂਗੇ?'' (ਮੱਤੀ 6:31)। ਯਿਸੂ ਨੇ ਕਿਹਾ, ''ਚੋਰ ਨਹੀਂ ਆਉਂਦਾ ਪਰ ਇਸ

ਲਈ ਜੋ ਚੁਰਾਵੇ ਅਰ ਵੱਢੇ ਅਤੇ ਨਾਸ ਕਰੇ। ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ'' (ਯੂਹੰਨਾ 10:10)। ਸਾਡਾ ਚੰਗਾ ਆਜੜੀ ਸਾਡਾ ਮਾਲਕ ਹੈ ਅਤੇ ਉਹਨੂੰ ਸਾਡੀਆਂ ਜਿਸਮਾਨੀ ਅਤੇ ਰੂਹਾਨੀ ਲੋੜਾਂ ਦਾ ਪਤਾ ਹੁੰਦਾ ਹੈ।

ਇਸ ਸਚਿਆਈ ਦਾ ਸਾਡੇ ਤੇ ਡੂੰਘਾ ਅਸਰ ਹੋਣਾ ਚਾਹੀਦਾ ਹੈ। ਮਸੀਹ ਦਾ ਸਾਡੇ ਪ੍ਰਭੂ ਹੋਣ ਦਾ ਮਤਲਬ ਹੈ ਕਿ ਉਸਦਾ ਸਾਡੇ ਤੇ ਅਧਿਕਾਰ ਹੈ। ਅਸੀਂ ਚਿੰਤਾ ਕਿਉਂ ਕਰੀਏ? ਅਸੀਂ ਕਿਉਂ ਡਰੀਏ? ਚੰਗੇ ਆਜੜੀ ਤੇ ਭਰੋਸਾ ਰੱਖੀਏ ਜੋ ਸਾਡੀ ਫ਼ਿਕਰ ਕਰਦਾ ਹੈ। ਸਾਡੀ ਇੱਕੋ-ਇਕ ਜ਼ਿੰਮੇਵਾਰੀ ਯਿਸੂ ਨੂੰ ਪ੍ਰਭੂ ਮੰਨ ਕੇ ਉਹਦਾ ਪਿੱਛੇ ਚੱਲਣ ਦੀ ਹੈ, ਬਾਕੀ ਸਭ ਉਹ ਸੰਭਾਲਦਾ ਹੈ।

## ਮਸੀਹ ਕਲੀਸੀਆ ਦੀ ਅਗਵਾਈ ਕਰਦਾ ਹੈ

ਦੂਜਾ, ''ਚੰਗੇ ਆਜੜੀ'' ਦੀ ਇਕਰੂਪਤਾ ਸਾਨੂੰ ਯਾਦ ਕਰਾਉਂਦੀ ਹੈ ਕਿ ਮਸੀਹ ਕਲੀਸੀਆ ਦੀ ਅਗਵਾਈ ਕਰਦਾ ਹੈ। ਜਿਸ ਤਰ੍ਹਾਂ ਭੇਡਾਂ ਆਪਣੇ ਆਜੜੀ ਦੇ ਪਿੱਛੇ ਚਲਦੀ ਹਨ। ਅਸੀਂ ਉਹਦੀ ਅਵਾਜ਼ ਸੁਣਕੇ ਉਸਨੂੰ ਜਵਾਬ ਦੇਂਦੇ ਹਾਂ ਯਿਸੂ ਨੇ ਆਖਿਆ,

> ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜਿਹੜਾ ਭੇਡਾਂ ਦੇ ਬਾੜੇ ਵਿਚ ਬੂਹੇ ਥਾਣੀਂ ਨਹੀਂ ਵੜਦਾ ਪਰ ਹੋਰ ਪਾਸਿਓਂ ਚੜ੍ਹਦਾ ਹੈ ਉਹ ਚੋਰ ਅਤੇ ਡਾਕੂ ਹੈ। ਪਰ ਜਿਹੜਾ ਬੂਹੇ ਥਾਂਣੀ ਵੜਦਾ ਹੈ ਉਹ ਭੇਡਾਂ ਦਾ ਅਯਾਲੀ ਹੈ। ਉਹ ਲਈ ਦਰਬਾਨ ਖੋਲ੍ਹ ਦਿੰਦਾ ਹੈ ਅਤੇ ਭੇਡਾਂ ਉਹ ਦਾ ਬੋਲ ਸੁਣਦੀਆਂ ਹਨ ਅਤੇ ਉਹ ਆਪਣੀਆਂ ਭੇਡਾਂ ਨੂੰ ਨਾਉਂ ਲੈ ਲੈ ਕੇ ਬੁਲਾਉਂਦਾ ਹੈ ਅਰ ਉਨ੍ਹਾਂ ਨੂੰ ਬਾਹਰ ਲੈ ਜਾਂਦਾ ਹੈ (ਯੂਹੰਨਾ 10:1-3)।

ਹਰ ਰਾਤ ਆਜੜੀ ਭੇਡਾਂ ਨੂੰ ਇਕ ਬਾੜੇ ਵਿਚ ਲਿਆਉਂਦਾ ਸੀ ਜਿਸ ਦੀ ਚਾਰ ਦੀਵਾਰੀ ਹੁੰਦੀ ਸੀ ਅਤੇ ਦਾਖ਼ਲ ਹੋਣ ਲਈ ਸਿਰਫ਼ ਇੱਕੋ ਦਰਵਾਜ਼ਾ ਹੁੰਦਾ ਸੀ। ਉਸ ਦਰਵਾਜ਼ੇ ਤੇ ਸਾਰੀ ਰਾਤ ਪਹਿਰੇ ਲਈ ਇਕ ਦਰਬਾਨ ਖੜਾ ਕੀਤਾ ਜਾਂਦਾ ਸੀ। ਸਵੇਰੇ ਆਜੜੀ ਆਉਂਦਾ ਤਾਂ ਦਰਬਾਨ ਉਸਨੂੰ ਪਛਾਣ ਲੈਂਦਾ। ਫਿਰ ਉਸਨੂੰ ਭੇਡ ਸ਼ਾਲਾ ਵਿਚ ਵੜਨ ਦੀ ਇਜਾਜ਼ਤ ਮਿਲ ਜਾਂਦੀ। ਉਹ ਆਪਣੀਆਂ ਭੇਡਾਂ ਨੂੰ ਖ਼ੁਦ ਬੁਲਾਉਂਦਾ ਤੇ ਚਾਰਨ ਲਈ ਉਨ੍ਹਾਂ ਦੀ ਅਗਵਾਈ ਕਰਦਾ। ਚੋਰ ਜਾਂ ਲੁਟੇਰਾ ਭੇਡਸ਼ਾਲਾ ਵਿਚ ਕੰਧ ਟੱਪਕੇ ਲੰਘ ਜਾਂਦਾ ਹੈ। ਦਰਬਾਨ ਉਸਨੂੰ ਪਛਾਣਦਾ ਨਹੀਂ ਇਸ ਲਈ ਉਸ ਨੂੰ ਭੇਡਸ਼ਾਲਾ ਵਿਚ ਵੜਨ ਦੀ ਇਜਾਜ਼ਤ ਨਹੀਂ ਦਿੰਦਾ।

ਯਿਸੂ ਨੇ ਅੱਗੇ ਆਖਿਆ, ''ਜਦ ਉਹ ਆਪਣੀ ਸਾਰੀਆਂ ਭੇਡਾਂ ਨੂੰ ਕੱਢ ਚੁੱਕਦਾ ਹੈ ਤਾਂ ਉਨ੍ਹਾਂ ਦੇ ਅੱਗੇ ਅੱਗੇ ਤੁਰ ਪੈਂਦਾ ਹੈ ਅਤੇ ਭੇਡਾਂ ਉਹ ਦੇ ਮਗਰ-ਮਗਰ ਲੱਗੀਆਂ ਜਾਂਦੀਆਂ ਹਨ ਕਿਉਂ ਜੋ ਓਹ ਉਸ ਦੀ ਅਵਾਜ਼ ਪਛਾਣਦੀਆਂ ਹਨ। ਓਹ ਪਰਾਏ ਦੇ ਮਗਰ ਕਦੇ ਨਾ ਜਾਣਗੀਆਂ ਸਗੋਂ ਉਸ ਤੋਂ ਨੱਸ ਜਾਣਗੀਆਂ ਕਿਉਂਕਿ ਪਰਾਇਆਂ ਦੀ ਅਵਾਜ਼ ਨਹੀਂ ਪਛਾਣਦੀਆਂ'' (ਯੂਹੰਨਾ 10:4, 5)। ਸਵੇਰੇ ਜਦੋਂ ਆਜੜੀ ਭੇਡਸ਼ਾਲਾ ਵਿੱਚੋਂ ਆਪਣੀਆਂ ਭੇਡਾਂ ਨੂੰ ਲੈਣ ਲਈ ਆਉਂਦਾ ਹੈ। ਤਾਂ ਉਹ ਸਿਰਫ਼ ਇੱਜੜ ਦੇ ਅੱਗੇ ਚਲਦਾ ਅਤੇ ਉਨ੍ਹਾਂ ਨੂੰ ਬੁਲਾਉਂਦਾ ਹੈ। ਭੇਡਾਂ ਉਹਦੀ ਅਵਾਜ਼ ਸੁਣਕੇ ਉਹਦੇ ਪਿੱਛੇ ਭੱਜਦੀਆਂ ਹਨ। ਇੱਜੜ ਤੋਂ ਨਿੱਕਲ ਕੇ ਭੇਡਾਂ ਸੁਰੱਖਿਅਤ ਨਹੀਂ ਰਹਿੰਦੀਆਂ ਉਨ੍ਹਾਂ ਨੂੰ ਸਿਰਫ਼ ਆਜੜੀ ਹੀ ਸੁਰੱਖਿਅਤ ਰੱਖ ਸਕਦਾ ਸੀ। ਉਹ ਓਸੇ ਤੇ ਨਿਰਭਰ ਰਹਿੰਦੀਆਂ ਸਨ ਕਿ ਉਹ ਉਨ੍ਹਾਂ ਨੂੰ ਬਾਹਰ ਚਾਰਨ ਲਈ ਲੈ ਜਾਵੇ ਅਤੇ ਉਹ ਬਗ਼ੈਰ ਡਰ ਤੇ ਹਾਨੀ ਦੇ ਚੁਗ ਸਕਣ।

ਆਜੜੀ ਭੇਡਾਂ ਦਾ ਮਾਲਕ ਵੀ ਸੀ। ਭੇਡਾਂ ਓਧਰ ਹੀ ਜਾਂਦੀਆਂ ਸਨ ਜਿੱਥੇ ਉਨ੍ਹਾਂ ਨੂੰ ਉਹ ਲੈ ਜਾਂਦਾ ਸੀ। ਉਹ ਉਹਦੀ ਅਗਵਾਈ ਅਤੇ ਸਮਝ ਦੇ ਅਨੁਸਾਰ ਚਲਦੀਆਂ। ਸਾਰੇ ਪਸ਼ੂਆਂ ਵਿੱਚੋਂ, ਭੇਡਾਂ ਵਿਚ

ਹੀ ਪਿੱਛੇ ਚੱਲਣ ਦਾ ਗੁਣ ਹੈ। ਉਨ੍ਹਾਂ ਨੂੰ ਇੱਧਰ ਉਧਰ ਜਾਣ ਦੀ ਪੂਰੀ ਸਮਝ ਨਹੀਂ ਹੁੰਦੀ। ਆਪਣੀ ਮਰਜ਼ੀ ਨਾਲ ਉਨ੍ਹਾਂ ਨਾਲ ਕਿਸੇ ਵੀ ਵੇਲੇ ਦੁਰਘਟਨਾ ਹੋ ਸਕਦੀ ਸੀ। ਪਰ ਜੇ ਉਨ੍ਹਾਂ ਦੀ ਅਗਵਾਈ ਠੀਕ ਢੰਗ ਨਾਲ ਹੋਵੇ ਤਾਂ ਉਹ ਚੰਗੀ ਜ਼ਿੰਦਗੀ ਦਾ ਮਜ਼ਾ ਲੈ ਲੈਂਦੀਆਂ ਹਨ।

ਇਸ ਮਾਮਲੇ 'ਚ ਅਸੀਂ ਭੇਡਾਂ ਵਾਂਗ ਹਾਂ। ਬਗ਼ੈਰ ਅਗਵਾਈ ਦੇ ਅੰਨ੍ਹਿਆਂ ਵਾਂਗ ਮਦਦ ਲਈ ਹਨੇਰੇ ਵਿਚ ਇਧਰ ਓਧਰ ਭਟਕਦੇ ਹਾਂ। ਯਸਾਯਾਹ ਨੇ ਲਿਖਿਆ, ''ਅਸੀਂ ਸਾਰੇ ਭੇਡਾਂ ਵਾਂਙੁ ਭੁੱਲੇ ਫਿਰਦੇ ਸਾਂ, ਅਸੀਂ ਆਪਣੇ ਆਪਣੇ ਰਾਹਾਂ ਨੂੰ ਮੁੜੇ; ...'' (ਯਸਾਯਾਹ 53:6)। ਯਿਰਮਿਯਾਹ ਨੇ ਕਿਹਾ, ''ਹੇ ਯਹੋਵਾਹ, ਮੈਂ ਜਾਣਦਾ ਹਾਂ ਕਿ ਆਦਮੀ ਦਾ ਰਾਹ ਉਹਦੇ ਵੱਸ ਵਿਚ ਨਹੀਂ ਹੈ, ਇਹ ਮਨੁੱਖ ਦੇ ਵੱਸ ਨਹੀਂ ਕਿ ਤੁਰਨ ਲਈ ਆਪਣੇ ਕਦਮਾਂ ਨੂੰ ਕਾਇਮ ਕਰੇ'' (ਯਿਰਮਿਯਾਹ 10:23)। ਸਾਨੂੰ ਸਹੀ ਅਗਵਾਈ ਲੈਣੀ ਚਾਹੀਦੀ ਹੈ, ਨਹੀਂ ਤਾਂ ਦੁੱਖ ਸਾਡੀ ਉਡੀਕ ਵਿਚ ਹੈ।

ਯਿਸੂ ਸਾਡਾ ਆਗੂ ਅਤੇ ਰਖਵਾਲਾ ਉਵੇਂ ਹੀ ਹੈ ਜਿਵੇਂ ਭੇਡਾਂ ਲਈ ਚੰਗਾ ਆਜੜੀ ਹੁੰਦਾ ਹੈ। ਉਹ ਕਲੀਸੀਆ ਦਾ ਸਿਰ (ਅਫ਼ਸੀਆਂ 5:23), ਸਾਡੀ ਮੁਕਤੀ ਦਾ ਦੇਣ ਵਾਲਾ ਹੈ ਜੋ ਸਾਨੂੰ ਵਡਿਆਈ ਵਿਚ ਲਿਆਉਂਦਾ ਹੈ (ਇਬਰਾਨੀਆਂ 2:10)। ਉਸ ਵੱਲ ਅਸੀਂ, ''ਖ਼ੁਦਾ ਦੇ ਵੱਲੋਂ ਸਾਡੇ ਲਈ ਗਿਆਨ, ਭਾਵ ਧਰਮ, ਪਵਿੱਤਰਤਾ ਅਤੇ ਛੁਟਕਾਰੇ'' ਦੇ ਰੂਪ ਵਿਚ ਵੇਖਦੇ ਹਾਂ (1 ਕੁਰਿੰਥੀਆਂ 1:30)। ਇਸ ਅਹਿਸਾਸ ਨਾਲ ਕਿ ਮਸੀਹੀ ਲੋਕਾਂ ਦਾ ਮੁੱਖ ਕੰਮ ਹੈ ਕਿ ਉਹ ''ਅਤੇ ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ'' (ਇਬਰਾਨੀਆਂ 12:2), ਅਸੀਂ ਉਸਨੂੰ ਸਿਰਫ਼ ਵੇਖਦੇ ਹੀ ਨਹੀਂ ਹਾਂ ਸਗੋਂ ਆਪਣੇ ਆਗੂ ਅਤੇ ਪ੍ਰਭੂ ਦੇ ਰੂਪ ਵਿਚ ਉਸ ਨੂੰ ਤੱਕਦੇ ਵੀ ਹਾਂ।

ਉੱਚੇ ਨੀਵੇਂ, ਤਿੱਖੇ ਮੋੜਾਂ, ਤੇ ਡੂੰਘੇ ਤੰਗ ਦੱਰਾਂ ਵਾਲੇ ਪਹਾੜੀ ਖੇਤਰ ਵਿਚ ਅੱਧੀ ਰਾਤ ਨੂੰ ਲਾਈਟਾਂ ਬਗ਼ੈਰ ਗੱਡੀ ਚਲਾਉਣ ਦੀ ਕੋਸ਼ਿਸ਼ ਕਰਨ ਦੀ ਕਲਪਨਾ ਕਰੋ। ਇਸ ਤਰ੍ਹਾਂ ਕਰਨ ਦਾ ਅਰਥ ਆਤਮ-ਘਾਤ ਹੀ ਹੈ। ਦੁਰਘਟਨਾ ਹੋਣੀ ਯਕੀਨੀ ਹੈ। ਤੁਹਾਨੂੰ ਪਤਾ ਵੀ ਨਹੀਂ ਲੱਗਦਾ ਕਿ ਤੁਹਾਡੀ ਦੁਰਘਟਨਾ ਕਦੋਂ ਅਤੇ ਕਿੱਥੇ ਹੋ ਗਈ। ਇਹ ਹਾਲਤ ਇਕ ਪਾਪੀ ਇਨਸਾਨ ਦੀ ਬਿਲਕੁਲ ਸਹੀ ਤਸਵੀਰ ਹੈ, ਜੋ ਬਗ਼ੈਰ ਖ਼ੁਦਾਈ ਰਹਿਨੁਮਾਈ ਦੇ ਇਸ ਸੰਸਾਰ ਵਿਚ ਰਾਹ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ। ਖ਼ਤਰਨਾਕ ਰਸਤੇ ਤੇ ਬਿਨਾਂ ਲਾਈਟਾਂ ਵਾਲੀ ਗੱਡੀ ਚਲਾਉਣ ਵਾਲੇ ਇਨਸਾਨ ਵਾਂਗ ਉਹ ਵੀ ਨਾਸ ਵੱਲ ਨੂੰ ਜਾ ਰਿਹਾ ਹੈ।

ਪਰ ਯਿਸੂ ਸਾਨੂੰ ਭਰੋਸਾ ਦਿੰਦਾ ਹੈ ਕਿ ਉਹ ਆਪਣੀਆਂ ਭੇਡਾਂ ਨੂੰ ਖ਼ੁਦਾਈ ਅਗਵਾਈ ਦਿੰਦਾ ਹੈ ਅਤੇ ਇਹ ਕਿ ਜ਼ਿੰਦਗੀ ਦੇ ਪਹਾੜਾਂ, ਵਾਦੀਆਂ, ਖੱਡਾਂ ਅਤੇ ਘਾਟੀਆਂ ਦਾ ਉਸਦੀ ਜ਼ਿੰਦਗੀ ਵਿਚ ਕੋਈ ਡਰ ਨਹੀਂ ਹੋਵੇਗਾ। ਜਦ ਯਿਸੂ ਸਾਡਾ ਆਗੂ ਹੋਵੇ ਤਾਂ ਅਸੀਂ ਜ਼ਿੰਦਗੀ ਦੇ ਆਪਣੇ ਸਫ਼ਰ ਵਿਚ ਸੁਰੱਖਿਅਤ ਰਹਿ ਕੇ ਅਰਾਮ ਕਰ ਸਕਦੇ ਹਾਂ।

ਸ਼ਿਕਾਰੀਆਂ ਦੇ ਇਕ ਇੱਜੜ ਨੇ ਅਫ਼ਰੀਕਾ ਦੇ ਜੰਗਲ ਵਿੱਚੋਂ ਦੀ ਲੰਘਦਿਆਂ ਆਪਣੇ ਗਾਈਡ ਨੂੰ ਪੁੱਛਿਆ, ''ਤੁਹਾਡੇ ਕੋਲ਼ ਨਕਸ਼ਾ ਹੈ?'' ਉਸਨੇ ਜਵਾਬ ਦਿੱਤਾ, ''ਮੈਂ ਹੀ ਤੁਹਾਡਾ ਨਕਸ਼ਾ ਹਾਂ।'' ਸਾਡੇ ਨਾਲ ਯਿਸੂ ਦਾ ਇਹੀ ਸਬੰਧ ਹੈ ਅਤੇ ਆਪਣੇ ਵਚਨ ਦੇ ਰਾਹੀਂ ਉਹ ਸਾਡਾ ਨਕਸ਼ਾ ਹੈ। ਕਿਸੇ ਨੇ ਕਿਹਾ ਹੈ, ''ਯਿਸੂ ਦੇ ਪਿੱਛੇ ਚੱਲੇ ਬਿਨਾਂ ਉਸਦੀ ਸੁਣੀ ਤਾਂ ਜਾ ਸਕਦੀ ਹੈ, ਉਸਦੀ ਸੁਣੇ ਬਿਨਾਂ ਉਸਦੇ ਪਿੱਛੇ ਚੱਲਿਆ ਨਹੀਂ ਜਾ ਸਕਦਾ।'' ਅਸੀਂ ਉਹ ਦੇ ਵਚਨ ਨੂੰ ਸੁਣ ਕੇ ਉਹਦੇ ਪਿੱਛੇ ਚੱਲਦੇ ਹਾਂ।

ਇਹ ਅਹਿਸਾਸ ਕਰਕੇ ਕਿ ਇਧਰ ਓਧਰ ਜਾਣ ਦੀ ਆਪਣੀ ਘੱਟ ਸਮਝ ਹੋਣ ਕਰਕੇ ਅਸੀਂ ਨਿਰਾਸ਼ ਹੋ ਸਕਦੇ ਹਾਂ, ਪਰ ਇਹ ਗਿਆਨ ਕਿ ਸਾਡੇ ਕੋਲ ਇਕ ਸਭ ਤੋਂ ਬੁੱਧਵਾਨ, ਗ਼ਲਤੀ ਨਾ ਕਰਨ ਵਾਲਾ ਆਜੜੀ ਸਾਡੀ ਅਗਵਾਈ ਕਰਕੇ ਸਾਡੀ ਨਿਰਾਸ਼ਾ ਨੂੰ ਯਿਸੂ ਨਾਲ ਸਾਡੇ ਸਬੰਧ ਨੂੰ ਕਦੀ ਖ਼ਤਮ ਨਾ

ਹੋਣ ਵਾਲੀ ਖ਼ੁਸੀ ਵਿਚ ਬਦਲ ਦਿੰਦਾ ਹੈ। ਸਾਡੀ ਸਭ ਤੋਂ ਵੱਡੀ ਲੋੜ, ਸਾਡੇ ਸਰਬਸ਼ਕਤੀਮਾਨ, ਸਭ ਤੋਂ ਬੁੱਧਵਾਨ ਆਗੂ ਨੇ ਪੂਰੀ ਕਰ ਦਿੱਤੀ ਹੈ।

## ਮਸੀਹ ਕਲੀਸੀਆ ਨਾਲ ਪਿਆਰ ਕਰਦਾ ਹੈ

ਤੀਜਾ, ਇਸ ਰੂਪਕ ਵਿਚ ਮਸੀਹ ਨੂੰ ਚੰਗੇ ਆਜੜੀ ਦੇ ਰੂਪ ਵਿਚ ਵਿਖਾਇਆ ਗਿਆ ਹੈ ਜੋ ਕਲੀਸੀਆ ਨਾਲ ਪਿਆਰ ਕਰਦਾ ਹੈ, ਅਤੇ ਆਪਣੀ ਮਰਜ਼ੀ ਨਾਲ ਆਪਣੀ ਜਾਨ ਦਿੰਦਾ ਹੈ। ਉਹ ਭੇਡਾਂ ਨੂੰ ਸੰਭਾਲਦਾ ਹੈ ਅਤੇ ਉਨ੍ਹਾਂ ਦੀ ਰਾਖੀ ਆਪਣੀ ਕੁਰਬਾਨੀ ਦੇ ਕੇ ਕਰਦਾ ਹੈ। ਯਿਸੂ ਨੇ ਕਿਹਾ,

> ਅੱਛਾ ਅਯਾਲੀ ਮੈਂ ਹਾਂ ਅੱਛਾ ਅੱਯਾਲੀ ਭੇਡਾ ਲਈ ਆਪਣੀ ਜਾਨ ਦਿੰਦਾ ਹੈ। ਜੋ ਕਾਮਾ ਹੈ ਅਤੇ ਅਯਾਲੀ ਨਹੀਂ ਜਿਹ ਦੀਆਂ ਭੇਡਾਂ ਆਪਣੀਆਂ ਨਹੀਂ ਹਨ ਸੋ ਬਘਿਆੜ ਨੂੰ ਆਉਂਦਾ ਵੇਖ ਕੇ ਭੇਡਾਂ ਨੂੰ ਛੱਡਦਾ ਅਤੇ ਭੱਜ ਜਾਂਦਾ ਹੈ ਅਰ ਬਘਿਆੜ ਉਨ੍ਹਾਂ ਨੂੰ ਫੜ ਲੈਂਦਾ ਅਤੇ ਖਿੰਡਾ ਦਿੰਦਾ ਹੈ। ਉਹ ਇਸ ਲਈ ਭੱਜਦਾ ਹੈ ਜੋ ਉਹ ਕਾਮਾ ਹੈ ਅਤੇ ਭੇਡਾਂ ਦੀ ਚਿੰਤਾ ਨਹੀਂ ਕਰਦਾ। ਅੱਛਾ ਅਯਾਲੀ ਮੈਂ ਹਾਂ ਅਤੇ ਮੈਂ ਆਪਣੀਆਂ ਭੇਡਾਂ ਨੂੰ ਸਿਆਣਦਾ ਹਾਂ ਅਤੇ ਮੇਰੀਆਂ ਆਪਣੀਆਂ ਭੇਡਾਂ ਮੈਨੂੰ ਸਿਆਣਦੀਆਂ ਹਨ। ਜਿਸ ਤਰ੍ਹਾਂ ਪਿਤਾ ਮੈਨੂੰ ਸਿਆਣਦਾ ਹੈ ਅਰ ਮੈਂ ਪਿਤਾ ਨੂੰ ਸਿਆਣਦਾ ਹਾਂ। ਮੈਂ ਭੇਡਾਂ ਦੇ ਬਦਲੇ ਆਪਣੀ ਜਾਨ ਦਿੰਦਾ ਹਾਂ (ਯੂਹੰਨਾ 10:11-15)।

ਚੰਗੇ ਆਜੜੀ ਵਾਂਗ ਯਿਸੂ ਵਿਚ ਹੋਰ ਦੋਵੇਂ ਤਰ੍ਹਾਂ ਦੇ ਆਜੜੀਆਂ ਨਾਲੋਂ ਬਹੁਤ ਫ਼ਰਕ ਹੈ। ਪਹਿਲੀ, ਉਹ ਭਾੜੇ ਦੇ ਆਜੜੀ ਵਾਂਗ ਨਹੀਂ ਜੋ ਸਿਰਫ਼ ਧਨ ਕਮਾਉਣ ਲਈ ਇਹ ਕੰਮ ਕਰਦਾ ਹੈ। ਭਾੜੇ ਦਾ ਆਜੜੀ ਦੌਲਤ ਦਾ ਲਾਲਚੀ ਹੈ ਭਾਵ ਉਹ ਨੂੰ ਉਹਦੇ ਕੰਮ ਲਈ ਧਨ ਦਿੱਤਾ ਜਾਂਦਾ ਹੈ। ਉਹ ਦੁਸ਼ਟ ਜਾਂ ਬੁਰਾ ਤੇ ਨਹੀਂ ਹੈ, ਪਰ ਉਹ ਸੱਚੇ ਆਜੜੀ ਵਾਂਗ ਭੇਡਾਂ ਲਈ ਆਪਣੀ ਨਿੱਜੀ ਦਿਲਚਸਪੀ ਦੇ ਸਬੱਬ ਕੰਮ ਨਹੀਂ ਕਰਦਾ ਹੈ। ਉਸਨੂੰ ਕੰਮ ਪੂਰਾ ਹੋਣ ਦੇ ਬਾਅਦ ਭੇਡਾਂ ਪ੍ਰਤੀ ਕੋਈ ਜ਼ਿੰਮੇਵਾਰੀ ਨਹੀਂ ਲੱਗਦੀ। ਦੂਜਾ, ਯਿਸੂ ਉਸ ਨਿਹਚਾ ਰਹਿਤ ਆਜੜੀ ਵਾਂਗ ਨਹੀਂ ਹੈ ਜੋ ਆਪਣੇ ਸੁਆਰਥੀ ਉਦੇਸ਼ਾਂ ਕਰਕੇ ਆਪਣਾ ਕੰਮ ਪੂਰਾ ਨਹੀਂ ਕਰ ਪਾਉਂਦਾ। ਹਿਜ਼ਕੀਏਲ ਨੇ ਖ਼ੁਦਾ ਲਈ ਗੱਲ ਕਰਦੇ ਬੜੀ ਸਪੱਸ਼ਟ ਭਾਸ਼ਾ ਵਿਚ ਨਿਹਚਾ ਰਹਿਤ ਆਜੜੀ ਵਿਖੇ ਲਿਖਿਆ ਸੀ:

> ਤੁਸਾਂ ਲਿੱਸਿਆਂ ਨੂੰ ਤਕੜਾ ਨਹੀਂ ਕੀਤਾ, ਬੀਮਾਰਾਂ ਨੂੰ ਨਰੋਇਆ ਨਹੀਂ ਕੀਤਾ, ਟੁੱਟੇ ਹੋਏ ਨੂੰ ਨਹੀਂ ਬੰਨ੍ਹਿਆ ਅਤੇ ਜਿਹੜੀਆਂ ਕੱਢ ਦਿੱਤੀਆਂ ਗਈਆਂ ਉਨ੍ਹਾਂ ਨੂੰ ਮੋੜ ਕੇ ਨਹੀਂ ਲਿਆਂਦਾ ਅਤੇ ਗੁਆਚੀਆਂ ਹੋਈਆਂ ਨੂੰ ਨਹੀਂ ਢੂੰਡਿਆ ਸਗੋਂ ਜ਼ੋਰ ਅਤੇ ਧੱਕੇ ਨਾਲ ਉਨ੍ਹਾਂ ਤੇ ਰਾਜ ਕੀਤਾ। ਅਤੇ ਓਹ ਖਿੱਲਰ ਪੁੱਲਰ ਗਏ ਕਿਉਂ ਜੋ ਕੋਈ ਆਜੜੀ ਨਹੀਂ ਸੀ ਅਤੇ ਉਹ ਖੇਤ ਦੇ ਸਾਰੇ ਦਰਿੰਦਿਆਂ ਦਾ ਖਾਜਾ ਬਣੀਆਂ ਅਤੇ ਖਿੱਲਰ ਗਈਆਂ ਮੇਰੀਆਂ ਭੇਡਾਂ ਸਾਰੇ ਪਰਬਤਾਂ ਤੇ ਅਤੇ ਹਰੇਕ ਉੱਚੇ ਟਿੱਬੇ ਤੇ ਭਟਕਦੀਆਂ ਸਨ। ਹਾਂ, ਮੇਰੀਆਂ ਭੇਡਾਂ ਸਾਰੀ ਧਰਤੀ ਤੇ ਖਿੱਲਰ-ਪੁੱਲਰ ਗਈਆਂ ਅਤੇ ਕਿਸੇ ਨੇ ਨਾ ਉਨ੍ਹਾਂ ਨੂੰ ਢੂੰਡਿਆ, ਨਾ ਉਨ੍ਹਾਂ ਦੀ ਭਾਲ ਕੀਤੀ (ਹਿਜ਼ਕੀਏਲ 34:4-6)।

ਯਿਸੂ ਇਨ੍ਹਾਂ ਆਜੜੀਆਂ ਵਾਂਗ ਨਹੀਂ ਹੈ। ਉਹ ''ਚੰਗਾ'' ਆਜੜੀ ਹੈ। ''ਚੰਗੇ'' ਲਈ ਯਿਸੂ ਵੱਲੋਂ ਵਰਤੇ ਗਏ ''ਖ਼ੂਬਸੂਰਤ'' ਵਾਂਗ ਹੀ ਹੈ। ਉਹ ਸੋਹਣਾ ਆਜੜੀ ਹੈ, ਉਸਨੂੰ ਸੇਵਾ ਦੇ ਬਦਲੇ ਤਨਖ਼ਾਹ ਨਹੀਂ ਦਿੱਤੀ ਜਾਂਦੀ, ਸਗੋਂ ਉਸਨੇ ਸੇਵਾ ਲਈ ਆਪਣੀ ਜਾਨ ਦੇ ਕੇ ਕੀਮਤ ਚੁਕਾਈ ਕਿਉਂਕਿ ਉਹ ਭੇਡਾਂ ਨਾਲ ਪਿਆਰ ਕਰਦਾ ਹੈ। ਉਸਨੇ ਉਨ੍ਹਾਂ ਦੀ ਰਾਖੀ ਦੀ ਕੀਮਤ ਆਪਣਾ ਖ਼ੂਨ ਦੇ ਕੇ ਚੁਕਾਈ।

ਜਦ ਖ਼ਤਰਾ ਹੁੰਦਾ ਹੈ ਭਾਵ ਜਦ ਕੋਈ ਬਘਿਆੜ ਜਾਂ ਸ਼ੇਰ ਇੱਜੜ ਦਾ ਨੁਕਸਾਨ ਕਰਨ ਲਈ ਆਉਂਦਾ ਹੈ, ਤਾਂ ਉਹ ਆਪਣੇ ਆਪ ਨੂੰ ਬਚਾਉਣ ਲਈ ਲੁਕਦਾ ਨਹੀਂ। ਉਹ ਭੇਡਾਂ ਨੂੰ ਬਚਾਉਣ ਲਈ ਆਪਣੀ ਜਾਨ ਦੀ ਬਾਜ਼ੀ ਲਾ ਦਿੰਦਾ ਹੈ।

ਯਿਸੂ ਦਾ ਭੇਡਾਂ ਨਾਲ ਓਨਾ ਹੀ ਡੂੰਘਾ ਰਿਸ਼ਤਾ ਹੈ ਜਿਵੇਂ ਪਿਤਾ ਨਾਲ ਭਾਵ ਬੇਹੱਦ ਨਜ਼ਦੀਕੀ, ਪਿਆਰ ਭਰਿਆ, ਅਤੇ ਯੂਹੰਨਾ 10:14, 15 ਦੇ ਅਨੁਸਾਰ ਇਕ ਮਹਿਸੂਸ ਹੋਣ ਵਾਲਾ ਰਿਸ਼ਤਾ ਹੈ। ਯਿਊ ਨੇ ਆਪਣੀਆਂ ਭੇਡਾਂ ਨਾਲ ਆਪਣਾ ਸਬੰਧ ਦੱਸਣ ਲਈ ਇਨ੍ਹਾ ਦੋ ਆਇਤਾਂ ਵਿਚ ''ਜਾਣਦਾ'' ਸ਼ਬਦ ਨੂੰ ਚਾਰ ਵਾਰ ਵਰਤਿਆ ਹੈ। ਉਹ ਹਨੇਰੇ ਅਤੇ ਚਾਨਣ ਵਿਚ, ਦੁੱਖੀ ਅਤੇ ਤੰਦਰੁਸਤ ਹੋਣ ਤੇ, ਖ਼ਤਰੇ ਅਤੇ ਸ਼ਾਂਤੀ ਵੇਲੇ ਆਪਣੀਆਂ ਭੇਡਾਂ ਦੇ ਨਾਲ ਰਹਿੰਦਾ ਹੈ। ਉਹ ਆਪਣੀਆਂ ਭੇਡਾਂ ਨੂੰ ਨਾਂਅ ਲੈ ਕੇ ਜਾਣਦਾ ਹੈ। ਹਰ ਭੇਡ ਤੇ ਖ਼ਾਸ ਧਿਆਨ ਦਿੰਦਾ ਹੈ। ਉਹ ਆਪਣੀਆਂ ਭੇਡਾਂ ਦੀ ਮਦਦ ਕਰਦਾ, ਉਨ੍ਹਾਂ ਨੂੰ ਸੰਭਾਲਦਾ ਅਤੇ ਬੜੀ ਕੋਮਲਤਾ ਨਾਲ ਉਨ੍ਹਾਂ ਨੂੰ ਵੇਖਦਾ ਹੈ, ਖ਼ਤਰੇ ਦੇ ਵੇਲੇ ਉਹ ਪੂਰੀ ਤਾਕਤ ਨਾਲ ਢਾਲ ਬਣਕੇ ਉਨ੍ਹਾਂ ਦੀ ਰਖਵਾਲੀ ਕਰਦਾ ਹੈ।

ਇਕ ਬੁੱਢੇ ਜੋੜੇ ਦੀ ਕਹਾਣੀ ਇਸ ਤਰ੍ਹਾਂ ਹੈ, ਜੋ ਬੰਨ੍ਹ ਟੁੱਟਣ ਦੇ ਬਾਅਦ ਹੜ੍ਹ ਵਿਚ ਘਿਰ ਗਏ ਸਨ। ਪਾਣੀ ਉੱਪਰ ਚੜ੍ਹ ਰਿਹਾ ਸੀ ਅਤੇ ਬਚਾਅ ਦੇ ਕਾਰਜ ਜਾਰੀ ਸਨ। ਪਰ ਹਰ ਥਾਂ ਪਾਣੀ ਹੀ ਪਾਣੀ ਸੀ, ਅਤੇ ਉਚਿਆਈ ਤੇ ਚੜ੍ਹਨਾ ਖ਼ਤਰਨਾਕ ਸੀ। ਉਨ੍ਹਾਂ ਲਈ ਇਕ ਇਕ ਪਲ ਬਹੁਤ ਕੀਮਤੀ ਸੀ। ਬੁੱਢਾ ਜੋੜਾ ਮਦਦ ਲਈ ਆਪਣੇ ਘਰ ਦੀ ਛੱਤ ਤੇ ਚੜ੍ਹ ਕੇ ਉਡੀਕ ਰਿਹਾ ਸੀ। ਜਦ ਬਚਾਅ ਵਿਚ ਲੱਗੇ ਲੋਕਾਂ ਦੀ ਬੇੜੀ ਆਈ ਤਾਂ ਉਨ੍ਹਾਂ ਵਿੱਚੋਂ ਸਿਰਫ਼ ਇੱਕੋ ਆਦਮੀ ਲਈ ਥਾਂ ਸੀ। ਪਤੀ ਜ਼ੋਰ ਦੇ ਕੇ ਆਖਣ ਲੱਗਾ ਕਿ ਉਹਦੀ ਪਤਨੀ ਬੈਠ ਜਾਏ, ਪਰ ਪਤਨੀ ਨੇ ਸਾਫ਼ ਨਾਂਹ ਕਰ ਦਿੱਤੀ। ਉਹ ਹਰ ਮੁਸ਼ਕਿਲ ਵਿਚ ਆਪਣੇ ਪਤੀ ਦੇ ਨਾਲ ਰਹਿਣਾ ਚਾਹੁੰਦੀ ਸੀ। ਵਕਤ ਬਰਬਾਦ ਨਹੀਂ ਕੀਤਾ ਜਾ ਸਕਦਾ ਸੀ, ਕਿਉਂਕਿ ਪਾਣੀ ਬੜੀ ਤੇਜ਼ੀ ਨਾਲ ਚੜ੍ਹ ਰਿਹਾ ਸੀ। ਬੇੜੀ ਦੇ ਬਚਾਅ ਦਲ ਦੇ ਇੰਚਾਰਜ ਨੇ ਉਨ੍ਹਾਂ ਨੂੰ ਆਖਿਆ, ''ਮੈਂ ਇਨ੍ਹਾਂ ਨੂੰ ਸੁਰੱਖਿਅਤ ਥਾਂ ਤੇ ਛੱਡ ਆਵਾਂ ਅਤੇ ਛੇਤੀ ਨਾਲ ਤੁਹਾਨੂੰ ਦੋਹਾਂ ਨੂੰ ਲੈਣ ਲਈ ਆਉਂਦਾ ਹਾਂ। ਲੱਗਦਾ ਹੈ ਇਹੀ ਠੀਕ ਰਹੇਗਾ, ਪਰ ਅਸੀਂ ਬੜਾ ਜੋਖ਼ਿਮ ਉਠਾ ਰਹੇ ਹਾਂ। ਪਾਣੀ ਬੜੀ ਤੇਜ਼ੀ ਨਾਲ ਉਪਰ ਚੜ੍ਹ ਰਿਹਾ ਹੈ।'' ਉਹ ਉੱਚੇ ਥਾਂ ਤੇ ਗਿਆ ਉੱਥੇ ਦੂਜੇ ਲੋਕਾਂ ਨੂੰ ਉਤਾਰ ਕੇ ਆਇਆ ਤਾਂ ਸਿਰਫ਼ ਉਹ ਘਰ ਹੀ ਮਿਲਿਆ ਅਤੇ ਬੁੱਢੇ ਬੁੱਢੀ ਦਾ ਜੋੜਾ ਤੇਜ਼ ਪਾਣੀ ਵਿਚ ਰੁੜ੍ਹ ਗਿਆ ਸੀ। ਪਤਨੀ ਇਹ ਜਾਣਦਿਆਂ ਹੋਇਆਂ ਵੀ ਦੋਹਾਂ ਦੇ ਇਕੱਠੇ ਰਹਿਣ ਨਾਲ ਉਹ ਮਰ ਸਕਦੇ ਹਨ, ਆਪਣੇ ਪਤੀ ਨਾਲ ਹੀ ਰਹੀ। ਭਲਾ ਇਸ ਤੋਂ ਵੱਡਾ ਪ੍ਰੇਮ ਹੈ? ਹਾਂ! ''ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤਰਾਂ ਦੇ ਬਦਲੇ ਦੇ ਦੇਵੇ'' (ਯੂਹੰਨਾ 15:13)। ਦੂਜਿਆਂ ਨੂੰ ਬਚਾਉਣ ਲਈ ਆਪਣੀ ਜਾਨ ਦੇਣਾ ਸਭ ਤੋਂ ਵੱਲਡਾ ਪਿਆਰ ਹੈ। ਸਾਡਾ ਆਜੜੀ ਅਜਿਹਾ ਹੀ ਪਿਆਰ ਕਰਦਾ ਹੈ ਜੋ ਡੂੰਘਾ ਅਤੇ ਮੌਤ ਨਾਲੋਂ ਵੀ ਤਾਕਤਵਰ ਹੈ। ਉਹ ਆਪਣੀ ਜਾਨ ਭੇਡਾਂ ਲਈ ਦਿੰਦਾ ਹੈ (ਯੂਹੰਨਾ 5:25)।

ਸਾਰੇ ਸਬੂਤ ਸੰਕੇਤ ਦਿੰਦੇ ਹਨ ਕਿ ਯੂਹੰਨਾ ਦੇ ਵਿਰਤਾਂਤ ਵਿਚ ਪਹਿਲੀ ਸਦੀ ਦੇ ਅੰਤ ਤਕ 85-95 ਈਸਵੀ ਵਿਚ ਲਿਖੀ ਗਈ ਹੋਵੇਗੀ। ਇਸ ਲਈ, ਇਸ ਤੋਂ ਪਹਿਲਾਂ ਪਾਠਕ ਜਾਣਦੇ ਸਨ ਕਿ ਯਿਸੂ ਨੇ ਸਿਰਫ਼ ਆਖਿਆ ਹੀ ਨਹੀਂ ਸੀ ਕਿ ਉਹ ਭੇਡਾਂ ਲਈ ਆਪਣੀ ਜਾਨ ਦਏਗਾ, ਬਲਕਿ ਉਸਨੇ ਹਕੀਕਤ ਵਿਚ ਆਪਣੀ ਜਾਨ ਦਿੱਤੀ ਸੀ। ਉਸਨੇ ਕਲੀਸੀਆ ਲਈ ਮਰ ਕੇ ਆਪਣੀਆਂ ਭੇਡਾਂ ਲਈ ਆਪਣੀ ਗੱਲ ਨੂੰ ਪੂਰਾ ਕਰਕੇ ਵਿਖਾਇਆ ਸੀ।

ਸਾਡੇ ਲਈ ਇਹ ਸਚਿਆਈ ਕਿੰਨੀ ਦਲੇਰ ਕਰਨ ਵਾਲੀ ਹੈ। ਸਾਨੂੰ ਅਜਿਹਾ ਪ੍ਰਭੂ ਮਿਲਿਆ ਹੈ ਜੋ ਸਰਬ ਸ਼ਕਤੀਮਾਨ ਹੈ ਅਤੇ ਸਾਡੀ ਅਗਵਾਈ ਕਰਦਾ ਹੈ। ਉਹ ਸਾਡੇ ਵਿੱਚੋਂ ਹਰੇਕ ਨੂੰ ਪਿਆਰ ਕਰਦਾ ਹੈ। ਉਸਨੇ ਨਾ ਕੇਵਲ ਆਪਣੀ ਅਗਵਾਈ ਦੇਣ ਦਾ ਹੀ ਸਗੋਂ ਆਪਣਾ ਪਿਆਰ ਅਤੇ ਸੁਰੱਖਿਆ ਦੇਣ

ਦਾ ਵੀ ਵਾਅਦਾ ਕੀਤਾ ਹੈ। ਪੌਲੁਸ ਨੇ ਕਿਹਾ, ‘‘ਕਿਉਂਕਿ ਜਦੋਂ ਅਸੀਂ ਵੈਰੀ ਹੋ ਕੇ ਪਰਮੇਸ਼ੁਰ ਨਾਲ ਉਹ ਦੇ ਪੁੱਤਰ ਦੀ ਮੌਤ ਦੇ ਵਸੀਲੇ ਮਿਲਾਏ ਗਏ ਤਾਂ ਮਿਲਾਏ ਜਾ ਕੇ ਅਸੀਂ ਇਸ ਨਾਲੋਂ ਬਹੁਤ ਵਧ ਕੇ ਉਹ ਦੇ ਜੀਵਨ ਦੇ ਦੁਆਰਾ ਬਚ ਜਾਵਾਂਗੇ’’ (ਰੋਮੀਆਂ 5: 10)। ਜੇ ਯਿਸੂ ਸਾਡੇ ਲਈ ਮਰ ਗਿਆ ਤੇ ਹੁਣ ਜਦੋਂ ਅਸੀਂ ਉਹਦੇ ਲਈ ਜੀਣ ਅਤੇ ਉਹਦੀ ਭੇਡ ਬਣਨ ਦੀ ਕੋਸ਼ਿਸ਼ ਕਰ ਰਹੇ ਹਾਂ, ਸਾਡੇ ਬਚਾਏ ਜਾਣ ਲਈ ਉਹ ਕਿੰਨਾ ਕੁਝ ਕਰ ਸਕਦਾ ਹੈ?

## ਸਾਰ

ਯੂਹੰਨਾ ਅਧਿਆਇ 10 ਵਿਚ ਮਸੀਹ ਵੱਲੋਂ ਦਿੱਤੇ ਗਏ ਰੂਪਕ ਵਿਚ ਐਲਾਨ ਹੈ ਕਿ ਕਲੀਸੀਆ ਮਸੀਹ ਦਾ ਇੱਜੜ ਹੈ ਅਤੇ ਇਹ ਉਨ੍ਹਾਂ ਸਾਰੀਆਂ ਭੇਡਾਂ ਨੂੰ ਮਿਲਾ ਕੇ ਬਣਦਾ ਹੈ ਜੋ ਉਹਦੀਆਂ ਹਨ। ਉਸਨੇ ਕਿਹਾ, ‘‘ਅਤੇ ਮੇਰੀਆਂ ਹੋਰ ਵੀ ਭੇਡਾਂ ਹਨ ਜਿਹੜੀਆਂ ਇਸ ਵਾੜੇ ਵਿਚ ਨਹੀਂ। ਮੈਨੂੰ ਚਾਹੀਦਾ ਹੈ ਜੋ ਉਨ੍ਹਾਂ ਨੂੰ ਵੀ ਲਿਆਵਾਂ ਅਰ ਓਹ ਮੇਰੀ ਅਵਾਜ਼ ਸੁਣਨਗੀਆਂ ਅਤੇ ਇੱਕੋ ਇੱਜੜ ਅਤੇ ਇੱਕੋ ਅੱਯਾਲੀ ਹੋਵੇਗਾ’’ (ਯੂਹੰਨਾ 10: 16)। ‘‘ਹੋਰ ਵੀ ਭੇਡਾਂ’’ ਉਸਨੇ ਜ਼ਰੂਰ ਗ਼ੈਰ-ਕੌਮਾਂ ਨੂੰ ਕਿਹਾ ਹੋਵੇਗਾ ਜਿਨ੍ਹਾਂ ਨੇ ਉਹਦੀ ਅਵਾਜ਼ ਸੁਣ ਕੇ ਉਸਦੇ ਇੱਜੜ ਵਿਚ ਆਉਣਾ ਸੀ। ਉਸਦੇ ਰੂਪਕ ਵਿਚ ਸਿਰਫ਼ ਇੱਕੋ ਇੱਜੜ ਅਤੇ ਇੱਕੋ ਅੱਯਾਲੀ ਹੈ। ਜਾਂ ਤੇ ਅਸੀਂ ਉਸਦੇ ਇੱਜੜ ਵਿਚ ਹਾਂ ਭਾਵ ਇੱਕੋ ਇੱਜੜ ਦੇ ਅਧੀਨ ਹਾਂ, ਜਾਂ ਅਸੀਂ ਉਸਦੇ ਇੱਜੜ ਵਿਚ ਨਹੀਂ ਹਾਂ। ਜਾਂ ਤੇ ਅਸੀਂ ਉਸਦੀ ਕਲੀਸੀਆ ਵਿਚ ਹਾਂ ਜੋ ਨਵੇਂ ਨੇਮ ਦੀ ਕਲੀਸੀਆ ਹੈ, ਜਾਂ ਨਹੀਂ ਹੈ।

ਇੱਜੜ/ਆਜੜੀ ਦੇ ਵਿਹਾਰਿਕ ਮਕਸਦਾਂ ਵਿੱਚੋਂ ਇਕ ਇਹ ਹੈ ਕਿ ਉਹ ਸਾਡੇ ਡਰ ਨੂੰ ਘੱਟ ਕਰਕੇ ਦੂਰ ਕਰ ਦਿੰਦਾ ਹੈ। ਅਸੀਂ ਜਾਣਦੇ ਹਾਂ ਕਿ ਅਸੀਂ ਕੌਣ ਹਾਂ, ਕਿਉਂਕਿ ਅਸੀਂ ਉਸਦੀਆਂ ਭੇਡਾਂ ਹਾਂ, ਅਸੀਂ ਜਾਣਦੇ ਹਾਂ ਕਿ ਕੀ ਕਰਨਾ ਹੈ ਕਿਉਂਕਿ ਅਸੀਂ ਉਹਦੀ ਅਵਾਜ਼ ਸੁਣ ਕੇ ਤੁਰਦੇ ਹਾਂ ਸਾਡਾ ਭਵਿੱਖ ਸੁਰੱਖਿਅਤ ਹੈ ਕਿਉਂਕਿ ਉਸਦਾ ਜੀਵਨ ਤੇ ਮੌਤ ਸਾਡੀ ਰੱਖਿਆ ਕਰਦਾ ਹੈ। ਸਾਨੂੰ ਲੱਗਦਾ ਹੈ ਕਿ ਅਸੀਂ ਉਸਦੇ ਹਾਂ ਕਿਉਂਕਿ ਉਹ ਸਾਡਾ ਪ੍ਰਭੂ ਹੈ, ਸਾਨੂੰ ਸੱਚਾ ਗਿਆਨ ਮਿਲ ਗਿਆ ਹੈ ਕਿਉਂਕਿ ਸੁਰਗ ਦਾ ਪ੍ਰਭੂ ਸਾਡਾ ਆਗੂ ਹੈ; ਅਤੇ ਸਰਬਸ਼ਕਤੀਮਾਨ ਮਸੀਹ ਦੀ ਵੱਲੋਂ ਜੋ ਸਾਡੇ ਲਈ ਆਪਣੀ ਜਾਨ ਦੇਣ ਲਈ ਤਿਆਰ ਸੀ ਸਾਨੂੰ ਸੁਰਗੀ ਸੰਭਾਲ ਮਿਲਦੀ ਹੈ। ਜੇ ਸਾਨੂੰ ਪਤਾ ਹੈ ਕਿ ਅਸੀਂ ਕੌਣ ਹਾਂ ਸਾਨੂੰ ਖ਼ੁਦਾਈ ਰਹਿਨੁਮਾਈ ਅਤੇ ਮਸੀਹ ਦੀ ਕੁਰਬਾਨੀ ਨਾਲ ਸੁਰੱਖਿਆ ਮਿਲੀ ਹੈ ਤਾਂ ਸਾਨੂੰ ਡਰਨ ਦੀ ਕੋਈ ਲੋੜ ਨਹੀਂ ਹੈ? ਆਪਣੇ ਆਜੜੀ ਤੇ ਸਾਡਾ ਭਰੋਸਾ ਸਾਡੇ ਡਰ ਨੂੰ ਦੂਰ ਕਰ ਦਿੰਦਾ ਹੈ।

ਅਸੀਂ ਜ਼ਬੂਰ 23 ਦੇ ਸ਼ਬਦਾਂ ਨੂੰ ਯਿਸੂ ਲਈ ਕਹਿ ਸਕਦੇ ਹਾਂ। ਬੇਸ਼ੱਕ ਉਹ ਮੂਸਾ ਦੀ ਸ਼ਰ੍ਹਾ ਦੇ ਯੁੱਗ ਵਿਚ ਦਾਊਦ ਰਾਹੀਂ ਖ਼ੁਦਾ ਵੱਲੋਂ ਲਿਖੇ ਗਏ ਸਨ:

> [ਯਿਸੂ] ਮੇਰਾ ਅੱਯਾਲੀ ਹੈ,
> ਮੈਨੂੰ ਥੁੜ ਨਹੀਂ ਹੋਵੇਗੀ।
> ਉਹ ਮੈਨੂੰ ਹਰੇ ਹਰੇ ਘਾਹ ਦੀਆਂ ਜੂਹਾਂ ਵਿਚ ਬਿਠਾਉਂਦਾ ਹੈ,
> ਉਹ ਮੈਨੂੰ ਸੁੱਖਦਾਇਕ ਪਾਣੀਆਂ ਕੋਲ ਲੈ ਜਾਂਦਾ ਹੈ।
> ਉਹ ਮੇਰੀ ਜਾਨ ਵਿਚ ਜਾਨ ਪਾਉਂਦਾ ਹੈ,
> ਧਰਮ ਦੇ ਮਾਰਗਾਂ ਵਿਚ ਉਹ ਆਪਣੇ ਨਾਮ ਦੇ ਨਮਿੱਤ
> ਮੇਰੀ ਅਗਵਾਈ ਕਰਦਾ ਹੈ।
>
> ਭਾਵੇਂ ਮੈਂ ਮੌਤ ਦੀ ਛਾਂ ਦੀ ਵਾਦੀ ਵਿਚ ਫਿਰਾਂ,

ਮੈਂ ਕਿਸੇ ਬਦੀ ਤੋਂ ਨਹੀਂ ਡਰਾਂਗਾ,
ਤੂੰ ਜੋ ਮੇਰੇ ਨਾਲ ਹੈ।
ਤੇਰੀ ਸੋਟੀ ਤੇ ਤੇਰੀ ਲਾਠੀ ਏਹ ਮੈਨੂੰ ਤਸੱਲੀ ਦਿੰਦੀਆਂ ਹਨ।
ਤੂੰ ਮੇਰੇ ਵਿਰੋਧੀਆਂ ਦੇ ਸਨਮੁਖ ਮੇਰੇ ਅੱਗੇ ਮੇਜ਼ ਵਿਛਾਉਂਦਾ ਹੈ,
ਤੈਂ ਮੇਰੇ ਸਿਰ ਉੱਤੇ ਤੇਲ ਝੱਸਿਆ ਹੈ,
ਮੇਰਾ ਕਟੋਰਾ ਭਰਿਆ ਹੋਇਆ ਹੈ।
ਸੱਚਮੁੱਚ ਭਲਿਆਈ ਅਰ ਦਯਾ ਜੀਉਣ ਭਰ ਮੇਰਾ ਪਿੱਛਾ ਕਰਨਗੀਆਂ,
ਅਤੇ ਮੈਂ ਸਦਾ[ਆਪਣੇ ਮੁਕਤੀਦਾਤੇ, ਚੰਗੇ ਚਰਵਾਹੇ ਦੇ ਨਾਲ] ਵੱਸਾਂਗਾ।

ਕਈ ਸਾਲ ਪਹਿਲਾਂ ਇਕ ਬਹੁਤ ਹੀ ਜੁਆਨ ਪ੍ਰਚਾਰਕ ਦੇ ਰੂਪ ਵਿਚ, ਮੈਂ ਮਸੀਹ ਵਿਚ ਇਕ ਭਾਈ ਦੇ ਜ਼ਨਾਜ਼ੇ ਤੇ ਗਿਆ ਸਾਂ। ਜ਼ਨਾਜ਼ੇ ਤੇ ਇੰਜੀਲ ਦੇ ਜਿਸ ਪ੍ਰਚਾਰਕ ਨੇ ਵਚਨ ਸੁਣਾਇਆ ਸੀ, ਉਹ ਮੇਰਾ ਸਕਾ ਭਰਾ ਸੀ। ਜਿੱਥੋਂ ਤਕ ਮੈਨੂੰ ਯਾਦ ਹੈ, ਮਰਨ ਵਾਲਾ ਬੰਦਾ ਚਾਲੀਆਂ ਕੁ ਸਾਲਾਂ ਦਾ ਸੀ। ਮੇਰੇ ਭਰਾ ਨੇ ਇਸ ਮਸੀਹੀ ਦੇ ਮਰਨ ਤੋਂ ਪਹਿਲਾਂ ਕਹੇ ਗਏ ਸ਼ਬਦ ਦੋਹਰਾਏ ਸਨ। ਉਸਨੇ ਦੱਸਿਆ ਕਿ ਉਸਨੇ ਹੌਲੀ-ਹੌਲੀ ਜ਼ਬੂਰ 23 ਬੋਲਣਾ ਸ਼ੁਰੂ ਕੀਤਾ ਸੀ ਅਤੇ ਉਸ ਜ਼ਬੂਰ ਦੇ ਆਖ਼ਰੀ ਸ਼ਬਦ ਉਹਦੇ ਮੂੰਹ ਚੋਂ ਨਿੱਕਲਦੇ-ਨਿੱਕਲਦੇ ਉਹਦਾ ਸਾਹ ਬੰਦ ਹੋ ਗਿਆ ਸੀ। ਜ਼ਿੰਦਗੀ ਦੇ ਆਪਣੇ ਆਖ਼ਰੀ ਪਲਾਂ ਵਿਚ ਉਸਨੂੰ ਜ਼ਬੂਰ 23 ਬੋਲਣ ਨਾਲ ਤਸੱਲੀ ਮਿਲੀ ਸੀ।

ਜਦੋਂ ਸਾਡੇ ਆਜੜੀ ਦੇ ਰੂਪ ਵਿਚ ਖ਼ੁਦਾ ਤੇ ਵਿਚਾਰ ਕੀਤਾ ਜਾਂਦਾ ਹੈ, ਤਾਂ ਪਰੇਸ਼ਾਨ ਅਤੇ ਡਰੇ ਹੋਏ ਮਨਾਂ ਨੂੰ ਸ਼ਾਂਤੀ ਅਤੇ ਤਸੱਲੀ ਮਿਲ ਜਾਂਦੀ ਹੈ। ਇਹ ਰੂਪਕ ਜੋ ਯਿਸੂ ਨੂੰ ਚੰਗੇ ਆਜੜੀ ਦੇ ਰੂਪ ਵਿਚ ਅਤੇ ਉਹਦਿਆਂ ਚੇਲਿਆਂ ਨੂੰ ਭੇਡਾਂ ਦੇ ਰੂਪ ਵਿਚ ਪੇਸ਼ ਕਰਦਾ ਹੈ ਉਵੇਂ ਹੀ ਸਾਡੀਆਂ ਪਰੇਸ਼ਾਨੀਆਂ ਵਿਚ ਸਾਡੀ ਮਦਦ ਕਰਦਾ ਹੈ।

ਜੇ ਤੁਸੀਂ ਮਸੀਹ ਦੇ ਇੱਜੜ ਵਿਚ ਨਹੀਂ ਹੋ ਤਾਂ ਯਾਦ ਰੱਖੋ ਕਿ ਤੁਹਾਡੇ ਲਈ ਉਸ ਇੱਕੋ ਦਰਵਾਜ਼ੇ ਭਾਵ ਖ਼ੁਦ ਮਸੀਹ ਦੇ ਰਾਹੀਂ ਉਸਦੇ ਇੱਜੜ ਵਿਚ ਆਉਣਾ ਪਵੇਗਾ। ਆਪਣੇ ਵਿਸਤਾਰ ਵਾਲੇ ਅਤੇ ਵਿਸ਼ਾਲ ਰੂਪਕ ਵਿਚ (ਯੂਹੰਨਾ 10:1-5, 10-18)। ਮਸੀਹ ਨੇ ਇਕ ਛੋਟਾ ਜਿਹਾ ਰੂਪਕ ਵੀ ਸ਼ਾਮਿਲ ਕਰ ਦਿੱਤਾ ਸੀ (ਯੂਹੰਨਾ 10:7-9)। ਉਸ ਨੇ ਕਿਹਾ, ''ਉਹ ਬੂਹਾ ਮੈਂ ਹਾਂ। ਮੇਰੇ ਥਾਣੀਂ ਜੇ ਕੋਈ ਵੜੇ ਤਾਂ ਉਹ ਬਚਾਇਆ ਜਾਵੇਗਾ ਅਤੇ ਅੰਦਰ ਬਾਹਰ ਆਇਆ ਜਾਇਆ ਕਰੇਗਾ ਅਤੇ ਚਾਰਾ ਪਾਵੇਗਾ'' (ਯੂਹੰਨਾ 10:9)। ਬਾਅਦ ਵਿਚ ਮਸੀਹ ਨੇ ਕਿਹਾ, ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ'' (ਯੂਹੰਨਾ 14:6)। ਜਦ ਕੋਈ ਮਸੀਹ ਦੀਆਂ ਗੱਲਾਂ ਨੂੰ ਮੰਨਦਾ ਹੈ ਤਾਂ ਉਹ ਇਜੱੜ ਵਿਚ ਆ ਜਾਂਦਾ ਹੈ (ਯੂਹੰਨਾ 8:24; ਲੂਕਾ 13:3; ਮੱਤੀ 10:32, 33; ਮਰਕੁਸ 16:16)।

ਚੰਗੇ ਆਜੜੀ, ਮਸੀਹ ਦੇ ਕੋਲ ਆਓ। ਉਸਦੇ ਇੱਜੜ ਵਿਚ ਸ਼ਾਮਿਲ ਹੋਏ, ਆਪਣੀ ਜ਼ਿੰਦਗੀ ਦੀ ਚਰਵਾਹੀ ਕਰਨ ਦੀ ਉਸਨੂੰ ਇਜਾਜ਼ਤ ਦੇ ਦਿਓ ਅਤੇ ਉਸ ਭਰਪੂਰ ਜੀਵਨ ਵਿਚ ਹਿੱਸਾ ਲੈ ਲਓ ਜੋ ਉਹ ਦਿੰਦਾ ਹੈ (ਯੂਹੰਨਾ 10:10)। ਉਸਦੇ ਇੱਜੜ ਵਿਚ, ਤੁਹਾਨੂੰ ਮੁਕਤੀ (ਯੂਹੰਨਾ 10:9) ਭਰਪੂਰੀ ਦਾ ਜੀਵਨ (ਯੂਹੰਨਾ 10:10), ਡਰ ਤੋਂ ਅਜ਼ਾਦੀ (ਯੂਹੰਨਾ 10:12), ਪਿਆਰ (ਯੂਹੰਨਾ 10:15), ਅਗਵਾਈ (ਯੂਹੰਨਾ 10:4, 5), ਅਤੇ ਹਮੇਸ਼ਾ ਦੀ ਜ਼ਿੰਦਗੀ (ਯੂਹੰਨਾ 10:17)। ਮਿਲੇਗੀ। ਭਲਾ ਮਸੀਹ ਦੇ ਇੱਜੜ ਦੀ ਭੇਡ ਦੇ ਰੂਪ ਵਿਚ ਰਹਿਣ ਦੇ ਚੰਗੇ ਜੀਵਨ ਦੀ ਕਲਪਨਾ ਕੀਤੀ ਜਾ ਸਕਦੀ ਹੈ?

## ਅਧਿਐਨ ਅਤੇ ਚਰਚਾ ਲਈ ਸਵਾਲ

1. ਜਦ ਤੁਸੀਂ ਹਤਾਸ਼ ਹੁੰਦੇ ਹੋ ਤਾਂ ਕੀ ਕਰਦੇ ਹੋ?
2. ਯੂਹੰਨਾ ਦੇ ਬ੍ਰਿਤਾਂਤ ਵਿਚ ਕਿੰਨੇ ਦ੍ਰਿਸ਼ਟਾਂਤ ਦਿੱਤੇ ਗਏ ਹਨ?
3. ਵਿਆਖਿਆ ਕਰੋ ਕਿ ਮਸੀਹ ਦੇ ਕਲੀਸੀਆ ਦੇ ਪ੍ਰਭੂ ਹੋਣ ਦਾ ਸਾਡੇ ਅਤੇ ਉਹਦੇ ਲਈ ਕੀ ਅਰਥ ਹੈ।
4. ਤੁਹਾਨੂੰ ਇਹ ਤੱਥ ਕਿਵੇਂ ਦਲੇਰੀ ਦਿੰਦਾ ਹੈ ਕਿ ਮਸੀਹ ਆਪਣੇ ਇੱਜੜ ਦੀ ਸੰਭਾਲ ਕਰਦਾ ਹੈ?
5. ਯੂਹੰਨਾ 10:10 ਦੇ ਸੰਦਰਭ ਦੇ ਵਿਸ਼ੇਸ਼ ਅਰਥ ਤੇ ਚਰਚਾ ਕਰੋ।
6. ਭੇਡਾਂ ਵੱਲੋਂ ਆਪਣੀ ਅਗਵਾਈ ਕਰਨ ਵਿਚ ਅਸਮਰਥ ਹੋਣ ਦਾ ਬਿਆਨ ਕਰੋ।
7. ਆਜੜੀ ਆਪਣੀਆਂ ਭੇਡਾਂ ਦੀ ਅਗਵਾਈ ਕਿਵੇਂ ਕਰਦਾ ਹੈ?
8. ਖ਼ੁਦਾਈ ਅਗਵਾਈ ਦਾ ਇਨਕਾਰ ਕਰਨ ਵਾਲੇ ਲੋਕਾਂ ਦਾ ਭਵਿੱਖ ਕਿਹੋ ਜਿਹਾ ਹੈ?
9. ‘‘ਭੇਡਾਂ ਦਾ’’ ਬਿਆਨ ਕਰਦਿਆਂ ਉਸਦੀ ਤੁਲਨਾ ਇਕ ਚੰਗੇ ਆਜੜੀ ਨਾਲ ਕਰੋ।
10. ਹਿਜ਼ਕੀਏਲ 34:4-6 ਵਿਚ ਵਿਖਾਏ ਗਏ ਬੇਵਿਸ਼ਵਾਸੇ ਆਜੜੀ ਦੀਆਂ ਖ਼ਾਸੀਅਤਾਂ ਦੱਸੋ।
11. ਯੂਹੰਨਾ 10 ਵਿਚ ‘‘ਜਾਣਦਾ’’ ਸ਼ਬਦ ਦੀ ਵਰਤੋਂ ਤੇ ਧਿਆਨ ਦਿਓ ਅਤੇ ਇਸ ਸ਼ਬਦ ਦੇ ਅਰਥ ਤੇ ਟਿੱਪਣੀ ਕਰੋ (14 ਅਤੇ 15 ਆਇਤਾਂ ਵੇਖੋ)।
12. ਯੂਹੰਨਾ 10:16 ਵਿਚ ‘‘ਹੋਰ ਵੀ ਭੇਡਾਂ’’ ਕਿਸ ਨੂੰ ਕਿਹਾ ਗਿਆ ਹੈ?
13. ਕੋਈ ਮਸੀਹ ਦੀ ਭੇਡ ਕਿਵੇਂ ਬਣਦਾ ਹੈ?